ਅੰਤਰਰਾਸ਼ਟਰੀ

# ਪੰਜਾਬੀ ਬੋਲੀ ਉਲੰਪਿਆਡ-2025

ਪੰਜਾਬੀ ਬੋਲੀ ਉਲੰਪਿਆਡ, ਸੰਸਾਰ ਭਰ ਵਿੱਚ ਪੰਜਾਬੀ ਨੂੰ ਪਿਆਰ ਕਰਨ ਵਾਲੇ ਬੱਚਿਆਂ ਵਿੱਚ ਭਾਸ਼ਾਈ ਅਤੇ ਸੱਭਿਆਚਾਰਕ ਚੇਤਨਾ ਪੈਦਾ ਕਰਦੇ ਹੋਏ, ਹਰ ਨੌਜਵਾਨ, ਮੁਟਿਆਰ ਅਤੇ ਪੰਜਾਬੀ ਪਿਆਰੇ ਵਿਅਕਤੀ ਵਿੱਚ ਮਾਖਿਓਂ ਮਿੱਠੇ ਸੰਵਾਦ ਕਾਇਮ ਕਰਨ ਦਾ ਉਪਰਾਲਾ ਹੈ।

ਮੈਨੂੰ ਇਹ ਦੱਸਦਿਆਂ ਅਤਿਅੰਤ ਖ਼ੁਸ਼ੀ ਹੈ ਕਿ ਮਾਂ ਬੋਲੀ ਪੰਜਾਬੀ ਰਾਹੀਂ ਆਪਣੀਆਂ ਕਦਰਾਂ ਕੀਮਤਾਂ ਤੇ ਜੜ੍ਹਾਂ ਨਾਲ ਜੁੜਨ ਅਤੇ ਪੰਜਾਬੀ ਬੋਲੀ (ਗੁਰਮੁਖੀ ਲਿਪੀ) ਨੂੰ ਆਪਣੀ ਅਕੀਦਤ ਪੇਸ਼ ਕਰਨ ਲਈ ਸਾਡੇ ਪ੍ਰਵਾਸੀ ਪੰਜਾਬੀਆਂ, ਵੱਖ-ਵੱਖ ਰਾਜਾਂ ਵਿੱਚ ਵੱਸਦੇ ਪੰਜਾਬੀ ਪ੍ਰੇਮੀਆਂ ਅਤੇ ਪੰਜਾਬ ਦੇ ਵਸਨੀਕਾਂ ਲਈ ਇਹ ਉਲੰਪਿਆਡ ਸ਼ਾਨਦਾਰ ਮੌਕਾ ਹੈ।

ਮਾਂ-ਬੋਲੀ ਪੰਜਾਬੀ ਸਾਡੇ ਲਈ ਸੰਸਾਰ ਦਾ ਇੱਕੋ-ਇੱਕ ਅਜਿਹਾ ਮਾਧਿਅਮ ਹੈ ਜੋ ਸਾਡੇ ਸਰਵ-ਪੱਖੀ ਵਿਕਾਸ ਦਾ ਠੋਸ ਆਧਾਰ ਬਣ ਸਕਦਾ ਹੈ। ਇਸ ਬੁਨਿਆਦ ’ਤੇ ਉਸਰੀ ਜ਼ਿੰਦਗੀ ਕਦੇ ਵਿਅਰਥ ਨਹੀਂ ਜਾ ਸਕਦੀ।

ਆਓ, ਆਪਾਂ ਸਾਰੇ ਪੰਜਾਬੀ ਬੋਲੀ ਉਲੰਪਿਆਡ-2025 ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ, ਪੰਜਾਬੀ ਦੇ ਲੜ ਲੱਗਣ ਲਈ ਆਪਣੇ ਬੱਚਿਆਂ ਨੂੰ ਉਤਸ਼ਾਹਿਤ ਕਰੀਏ ਅਤੇ ਇਸ ਨੂੰ ਕਾਮਯਾਬ ਕਰਦੇ ਹੋਏ ਆਪਣੀ ਮਾਖਿਓਂ ਮਿੱਠੀ ਮਾਂ ਬੋਲੀ ਪੰਜਾਬੀ ਲਈ ਆਪਣੇ ਫਰਜ਼, ਪਿਆਰ ਅਤੇ ਸਤਿਕਾਰ ਦਾ ਪ੍ਰਮਾਣ ਦਈਏ।

**ਡਾ. ਅਮਰਪਾਲ ਸਿੰਘ**
ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ
E-Mail: chairman.pseb@punjab.gov.in

Scanned with OKEN Scanner